# ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੀ
# ਪ੍ਰਿਵੀ ਕੌਂਸਲ 'ਚ ਅਪੀਲ ਤੇ ਉਹਦੇ ਅਜੋਕੇ ਸਰੋਕਾਰ

ਮਲਵਿੰਦਰ ਜੀਤ ਸਿੰਘ ਵੜੈਚ*

**ਪਿਛੋਕੜ —** ਇਨਕਲਾਬੀਆਂ ਨੇ ਮੁਕੱਦਮੇ ਦੇ ਫੈਸਲੇ ਬਾਰੇ ਕਦੇ ਕੋਈ ਚਿੰਤਾ ਨਹੀਂ ਸੀ ਕੀਤੀ, ਸੋ 7 ਅਕਤੂਬਰ, 1930 ਦੇ ਫੈਸਲੇ ਨੂੰ ਚੁਣੌਤੀ ਦੇਣਾ ਕਦੇ ਵੀ ਉਹਨਾਂ ਨੇ ਕਦੇ ਵੀ ਸੋਚਿਆ ਹੀ ਨਹੀਂ ਸੀ, ਜਿਸ ਦੇ ਮੱਦੇ-ਨਜ਼ਰ ਬਚਾਓ ਕਮੇਟੀ ਦੇ ਦੋ ਮੈਂਬਰਾਂ, ਭਾਵ ਲਾਲਾ ਦੁਨੀ ਚੰਦ ਅਤੇ ਡਾ. ਗੋਪੀ ਚੰਦ ਭਾਰਗਵ, ਜਿਹੜੇ ਪ੍ਰਿਵੀ ਕੌਂਸਿਲ ਤੱਕ ਜਾਣਾ ਚਾਹੁੰਦੇ ਸਨ, ਇਨ੍ਹਾਂ ਨੌਜਵਾਨਾਂ ਨੂੰ ਆਪਣੀ ਸੋਚ ਨਾਲ ਇਹ ਕਹਿਕੇ ਸਹਿਮਤ ਕਰਵਾ ਲਿਆ ਕਿ ਪ੍ਰਿਵੀ ਕੌਂਸਿਲ ਕੋਲ ਅਪੀਲ ਕਰਨੀ ਰਾਜਨੀਤਿਕ ਪੱਖੋਂ ਲਾਹੇਵੰਦ ਸੀ। ਦੋ ਹੋਰ ਪ੍ਰਸਿੱਧ ਵਕੀਲਾਂ, ਪ੍ਰਾਣ ਲਾਲ ਮਹਿਤਾ ਅਤੇ ਮੋਤੀ ਲਾਲ ਨਹਿਰੂ ਨੇ ਵੀ ਅਪੀਲ ਕਰਨ ਦੀ ਪ੍ਰੋੜ੍ਹਤਾ ਕੀਤੀ ਸੀ: ਲੱਗਦੈ, ਭਗਤ ਸਿੰਘ ਤੇ ਉਹਦੇ ਸਾਥੀ ਇਸ ਤਜਵੀਜ਼ ਨਾਲ ਇਸ ਲਈ ਸਹਿਮਤ ਹੋਏ ਸਨ ਕਿ ਫਾਂਸੀ ਜਿੰਨੀ ਵੀ ਅੱਗੇ ਪਵੇਗੀ, ਉਨਾ ਹੀ ਫਾਂਸੀ ਵਿਰੁੱਧ ਜਨਤਕ ਰੋਸ ਹੋਰ ਵੀ ਪ੍ਰਚੰਡ ਹੁੰਦਾ ਜਾਏਗਾ।

ਬੜੀ ਸੂਝ-ਬੂਝ ਨਾਲ ਅਪੀਲ ਦਾ ਖਰੜਾ ਤਿਆਰ ਕਰਦਿਆਂ ਪੂਰਾ ਧਿਆਨ ਰੱਖਿਆ ਗਿਆ ਕਿ ਕੇਸ ਦੇ ਤੱਥਾਂ ਨੂੰ ਕਿਸੇ ਤਰ੍ਹਾਂ ਗ਼ਲਤ ਸਾਬਤ ਨਾ ਕੀਤਾ ਜਾਵੇ ਅਤੇ ਸਾਰਾ ਜ਼ੋਰ ਇਸ ਮੁੱਦੇ ਤੇ ਲਾਇਆ ਜਾਵੇ ਕਿ 1930 ਵਾਲੇ ਆਰਡੀਨੈਂਸ III ਦੁਆਰਾ ਟ੍ਰਿਬਿਊਨਲ ਦੀ ਸਥਾਪਨਾ ਹੀ ਗੈਰ-ਕਾਨੂੰਨੀ ਸੀ, ਕਿਉਂਕਿ ਗਵਰਨਮੈਂਟ ਆਫ ਇੰਡੀਆ ਐਕਟ ਦੀ ਧਾਰਾ 72 ਅਧੀਨ ਭਾਰਤ ਦੇ ਗਵਰਨਰ ਜਨਰਲ ਨ ਪਹਿਲੀ ਮਈ 1930 ਵਾਲੇ ਆਰਡੀਨੈਂਸ ਦੁਆਰਾ ਆਸਾਧਾਰਣ ਸ਼ਕਤੀਆਂ ਵਾਲਾ ਵਿਸ਼ੇਸ਼ ਟ੍ਰਿਬਿਊਨਲ ਨਿਯੁਕਤ ਕੀਤਾ ਸੀ, ਜੀਹਦੀ ਵਰਤੋਂ ਸੰਕਟ ਵਾਲੀ ਹਾਲਾਤ ਵਿੱਚ ਹੀ ਕੀਤੀ ਜਾ ਸਕਦੀ ਸੀ ਅਤੇ ਇਸ ਦੀ ਵਰਤੋਂ ਬਰਤਾਨਵੀ ਭਾਰਤ ਵਿੱਚ ਸ਼ਾਂਤੀ ਅਤੇ ਚੰਗੇ ਪ੍ਰਸ਼ਾਸਨ ਹਿਤ ਹੀ ਕੀਤੀ ਜਾ ਸਕਦੀ ਸੀ।

ਆਰਡੀਨੈਂਸ ਦੇ ਜਾਇਜ਼ ਹੋਣ ਨੂੰ ਵੰਗਾਰਦਿਆਂ ਅਪੀਲ ਵਿੱਚ ਉਲੇਖ ਕੀਤਾ ਗਿਆ ਕਿ ਆਰਡੀਨੈਂਸ ਦੇ ਸ਼ੁਰੂ ਵਿੱਚ ਦਰਜ ਹੈ ਕਿ ਸੰਕਟ ਇਸ ਸਥਿਤੀ ਵਿੱਚੋਂ ਉਪਜਿਆ ਸੀ ਕਿ ਲਾਹੌਰ ਕਾਨਸਪੀਰੇਸੀ ਕੇਸ ਦੀ ਕਾਰਵਾਈ ਲੰਮੀ ਤੋਂ ਲੰਮੇਰੀ ਹੁੰਦੀ ਜਾ ਰਹੀ ਹੈ, ਇਸ ਲਈ ਇਹਨਾਂ 24 ਮੁਲਜ਼ਿਮਾਂ ਨੂੰ ਸਾਧਾਰਣ ਦੋਸ਼ੀਆਂ ਵਾਲੇ ਹੱਕਾਂ ਤੋਂ ਵਿਹੁਣੇ ਰੱਖਿਆ ਜਾਵੇ ਅਤੇ ਉਨ੍ਹਾਂ ਉਪਰ ਅਸਾਧਾਰਣ ਸ਼ਕਤੀਆਂ ਵਾਲੇ ਟ੍ਰਿਬਿਊਨਲ ਮੂਹਰੇ ਮੁਕੱਦਮਾ ਚਲਾਇਆ ਜਾਵੇ, ਜਿਸ ਵਿੱਚ ਮੁਲਜ਼ਿਮਾਂ ਨੂੰ ਅਪੀਲ ਵਗ਼ੈਰਾ ਕਰਨ ਦਾ ਅਧਿਕਾਰ ਵੀ ਨਹੀਂ ਹੋਵੇਗਾ, ਜੋ ਕਿ ਹਰ ਕਾਨੂੰਨੀ ਵਿਵਸਥਾ ਦਾ ਬੁਨਿਆਦੀ ਲੱਛਣ ਹੁੰਦਾ ਹੈ।

ਜਿਵੇਂ ਅਪੀਲ ਕਰਨ ਵਾਲਿਆਂ ਨੂੰ ਖਦਸ਼ਾ ਸੀ, ਅਪੀਲ ਨੂੰ ਤਕਨੀਕੀ ਆਧਾਰ ਤੇ ਇਹ ਕਹਿਕੇ ਰੱਦ ਕਰ ਦਿੱਤਾ ਗਿਆ ਕਿ ਇਹ ਜਾਣਨਾ ਅਤੇ ਫੈਸਲਾ ਕਰਨਾ ਗਵਰਨਰ-ਜਨਰਲ ਦਾ ਅਧਿਕਾਰ ਹੈ ਕਿ ਸਥਿਤੀ ਸੰਕਟ ਵਾਲੀ ਹੈ ਜਾਂ ਨਹੀਂ।

ਪਟੀਸ਼ਨ ਦਾ ਫੈਸਲਾ ਹੋਣ ਵਿੱਚ ਕੁੱਝ ਮਹੀਨੇ ਗੁਜ਼ਰ ਗਏ ਅਤੇ ਅੰਤ 12 ਫਰਵਰੀ 1931 ਨੂੰ ਅਪੀਲ ਰੱਦ ਕਰਨ ਦਾ ਹੁਕਮ ਸੁਣਾ ਦਿੱਤਾ ਗਿਆ ਅਤੇ ਜਿਸਦਾ ਵੇਰਵੇ ਸਹਿਤ ਫੈਸਲਾ 17 ਫਰਵਰੀ ਨੂੰ ਸੁਣਾਇਆ ਗਿਆ।

* ਪਿੰਡ ਤੇ ਡਾਕਖਾਨਾ ਸਕੇਤੜੀ, ਜ਼ਿਲ੍ਹਾ ਪੰਚਕੂਲਾ 134109; ਫੋਨ: 0172-2556314, 6576116
ਈਮੇਲ: mjswaraich29@gmail.com; ਫੇਸਬੁਕ: Malwinder Jit Singh Waraich

ਦਰਅਸਲ ਆਰਡੀਨੈਂਸ ਦੁਆਰਾ ਕਾਨੂੰਨ ਆਇਦ ਕਰਨ ਦੀ ਜਮਹੂਰੀ ਨਿਜਾਮ ਵਿੱਚ ਕੋਈ ਵਿਵਸਥਾ ਨਹੀਂ ਹੁੰਦੀ, ਤੇ (ਸ਼ਾਇਦ) ਅੱਜ ਦੇ ਦਿਨ ਸਾਡੇ ਦੇਸ਼ ਤੋਂ ਸਿਵਾ ਕਿਸੇ ਜਮਹੂਰੀ ਸੰਵਿਧਾਨ ਵਿੱਚ ਇਹਦਾ ਕੋਈ ਵਜੂਦ ਨਹੀਂ ਹੈ, ਤੇ ਸਾਨੂੰ ਵੀ ਇਹ 'ਵਿਰਸੇ' ਵਿੱਚ ਹੀ ਮਿਲੀ ਸੀ: ਬਲਕਿ ਅੰਗ੍ਰੇਜ਼ ਸ਼ਾਸਕਾਂ ਨੂੰ ਵੀ ਇਹਦੀ ਲੋੜ ਉਦੋਂ ਮਹਿਸੂਸ ਹੋਈ ਸੀ, ਜਦੋਂ ਉਹਨਾਂ ਨੂੰ ਰੋਂਦਿਆਂ-ਧੋਂਦਿਆਂ ਭਾਰਤੀਆਂ ਨੂੰ 'ਹੋਮ ਰੂਲ' ਦੀ ਪਹਿਲੀ 'ਕਿਸਤ' ਜਾਰੀ ਕੀਤੀ ਗਈ, ਜਿਸ ਤਹਿਤ ਵਿਧਾਨ ਸਭਾਵਾਂ ਸਥਾਪਤ ਕੀਤੀਆਂ ਗਈਆਂ, ਜਿਨ੍ਹਾਂ ਦੇ ਸ਼ਿਕੰਜੇ ਐਸੀ ਉਸਤਾਦੀ ਨਾਲ ਕੱਸੇ ਹੋਏ ਸਨ ਕਿ ਉਥੇ ਸਿੱਕਾ ਸਰਕਾਰ ਦਾ ਹੀ ਚਲਦਾ ਸੀ। ਫਿਰ ਵੀ, ਚੂੰਕਿ ਸ਼ਾਸਕਾਂ ਨੂੰ ਅਨੁਭਵ ਸੀ ਕਿ ਲੋਕ ਜਾਗ੍ਰਤੀ ਦੀ ਪ੍ਰਗਤੀ ਨਾਲ ਇਹਨਾਂ ਸੰਸਥਾਵਾਂ ਨੂੰ ਕੁੱਝ ਨਾ ਕੁੱਝ ਇਖਤਿਆਰ ਸੌਂਪਣੇ ਪੈ ਸਕਦੇ ਹਨ, ਇਸ ਲਈ ਉਹਨਾਂ ਨੇ ਇੱਕ ਪਾਸੇ ਤਾਂ ਗਵਰਨਰ/ਗਵਰਨਰ ਜਨਰਲ ਨੂੰ ਕਿਸੇ ਬਿਲ ਨੂੰ 'ਵੀਟੋ' ਕਰਨ ਦੇ ਪੂਰੇ ਇਖਤਿਆਰ ਦੇ ਦਿੱਤੇ, ਤੇ ਨਾਲ ਹੀ ਜੇ ਅਸੈਂਬਲੀ/ਕੌਂਸਲ ਕਿਸੇ ਲੋੜੀਂਦੇ ਬਿਲ ਨੂੰ ਪਾਸ ਨਾ ਕਰੇ, ਤੇ ਉਹਦੇ ਬਦਲੇ ਉਕਤ ਅਧਿਕਾਰੀ, ਆਰਡੀਨੈਂਸ ਜਾਰੀ ਕਰ ਕੇ ਉਹੀ ਕਾਨੂੰਨ ਲਾਗੂ ਕਰ ਸਕਦੇ ਸਨ।

ਹੁੰਨ ਜਦੋਂ 10 ਜੁਲਾਈ 1929 ਨੂੰ ਭਗਤ ਸਿੰਘ ਅਤੇ ਸਾਥੀਆਂ 'ਤੇ ਸਾਧਾਰਨ ਕਾਨੂੰਨੀ ਪ੍ਰਕਿਰਿਆ ਅਨੁਸਾਰ ਸਪੈਸ਼ਲ ਮੈਜਿਸਟ੍ਰੇਟ ਦੀ ਅਦਾਲਤ ਵਿੱਚ ਮੁਕਦਮਾ ਸ਼ੁਰੂ ਹੋਇਆ ਤਾਂ ਮੁਲਜ਼ਮਾਂ ਦੀਆਂ ਭੁਖ-ਹੜਤਾਲਾਂ ਅਤੇ ਕੁੱਝ ਕਾਨੂੰਨੀ ਉਲਝਣਾਂ ਕਰਕੇ ਮੁਕਦਮਾ 'ਕਛੂ ਕੁੰਮੇਂ' ਦੀ ਰਫ਼ਤਾਰ ਨਾਲ ਚਲ ਰਿਹਾ ਸੀ ਤੇ ਉਧਰ ਸਰਕਾਰੀ ਗਵਾਹਾਂ ਦੀ ਸੂਚੀ 700 ਦੇ ਗੇੜ 'ਚ ਸੀ, ਤੇ ਜਿਸ ਗਲੇ ਸਰਕਾਰ ਤਰਲੋ-ਮੱਛੀ ਹੋ ਰਹੀ ਸੀ, ਉਹ ਇਹ ਕਿ ਦਿਨੋ ਦਿਨ ਆਮ ਜਨਤਾ ਵਿੱਚ ਇਨਕਲਾਬੀਆਂ ਲਈ ਹਮਦਰਦੀ ਤੇ ਜੋਸ਼ ਉਪਜ ਹੀ ਨਹੀਂ ਸੀ ਰਿਹਾ, ਬਲਕਿ ਦਿਨੋਂ-ਦਿਨ ਜ਼ਿਆਦਾ ਤੀਬਰ ਹੁੰਦਾ ਜਾ ਰਿਹਾ ਸੀ। ਚੇਤੇ ਰਹੇ ਕਿ 8 ਅਪਲ 1929 ਨੂੰ ਅਸੈਂਬਲੀ ਬੰਬ ਧਮਾਕੇ ਪਿੱਛੋਂ ਭਗਤ ਸਿੰਘ ਅਤੇ ਦੱਤ ਦੇ ਆਤਮ ਸਮਰਪਣ ਪਿੱਛੋਂ ਇਹੀ ਮਨਸ਼ਾ ਸੀ ਕਿ ਅਦਾਲਤਾਂ ਨੂੰ ਆਪਣੀ ਸੋਚ, ਨਜ਼ਰੀਏ ਦੇ ਸੰਚਾਰ ਅਤੇ ਪ੍ਰਚਾਰ ਦੇ ਮੰਚ ਵੱਜੋਂ ਵਰਤਿਆਂ ਜਾਏ ਤੇ ਫਿਰ ਜੇਲ੍ਹਾਂ ਅੰਦਰ ਪਹੁੰਚ ਕੇ ਭੁੱਖ ਹੜਤਾਲਾ ਦੁਆਰਾ ਉਹਨਾਂ ਨਾਲ ਕੀਤੇ ਜਾ ਰਹੇ ਅਣਮਨੁੱਖੀ ਵਿਉਹਾਰ ਦਾ ਕਸ਼ਟ ਸਹਿ ਕੇ ਮੁਕਾਬਲਾ ਕੀਤਾ ਜਾਏ।

ਸੋ ਪੰਜਾਬ ਸਰਕਾਰ ਅਤੇ ਕੇਂਦਰ ਵਿਚਾਲੇ ਬੜੀਆਂ ਗਹਿਰ-ਗੰਭੀਰ ਵਿਚਾਰਾਂ ਚਲ ਪਈਆਂ, ਜਿਨ੍ਹਾਂ ਵਿੱਚ ਲੰਡਨ ਸਰਕਾਰ ਵੀ ਪੂਰੀ ਤਰ੍ਹਾਂ ਸ਼ਾਮਲ ਸੀ — ਮੁੱਦਾ ਇਹ ਸੀ ਕਿ ਕੋਈ ਐਸੀ ਕਾਨੂੰਨੀ ਪ੍ਰਕਿਰਿਆ ਵਿਉਂਤੀ ਜਾਏ, ਜਿਸ ਤਹਿਤ ਲਾਹੌਰ ਸਾਜਿਸ਼ ਕੇਸ ਦੇ ਮੁਲਜ਼ਮਾਂ ਦੀ ਗੈਰ ਹਾਜ਼ਰੀ 'ਚ ਵੀ ਕੇਸ ਚਲਦਾ ਰਹੇ। ਅਖੀਰ ਗੱਲ ਨਿਬੜੀ ਆਰਡੀਨੈਂਸ ਜਾਰੀ ਕਰਨ ਤੇ, ਜੋ 1 ਮਈ 1930 ਨੂੰ ਜਾਰੀ ਕੀਤਾ ਗਿਆ ਸੀ, ਜਿਸ ਤਹਿਤ ਤਿੰਨ ਮੈਂਬਰੀ ਸਪੈਸ਼ਲ ਟ੍ਰਿਬਿਊਨਲ, ਜਿਸ ਵਿੱਚ ਦੋ ਅੰਗ੍ਰੇਜ਼ ਅਤੇ ਇੱਕ ਹਿੰਦੋਸਤਾਨੀ ਹਾਈ ਕੋਰਟ ਦੇ ਜੱਜ ਹੋਣਗੇ, ਤੇ ਉਹ ਮੁਲਜਮਾਂ ਦੀ ਗੈਰ-ਹਾਜ਼ਰੀ ਦੌਰਾਨ ਵੀ ਕਾਰਵਾਈ ਜਾਰੀ ਰੱਖੇਗਾ। ਹੋਰ ਤਾਂ ਹੋਰ ਅਦਾਲਤੀ ਕਾਰਵਾਈ ਦਾ ਛੇਤੀ ਫਾਹਾ ਵਢਣ ਖਾਤਰ ਟ੍ਰਿਬਿਊਨਲ ਦੀ ਮਿਆਦ ਛੇ ਮਹੀਨੇ ਮਿਥ ਦਿੱਤੀ ਗਈ, ਜੀਹਦੇ ਅੰਦਰ ਹੀ ਸਾਰੀ ਕਾਰਵਾਈ ਦਾ ਭੋਗ ਪਾਇਆ ਜਾਣਾ ਲਾਜ਼ਮੀ ਸੀ।

**ਅਜੋਕੇ ਸਰੋਕਾਰ**: ਪਿਛੇ ਜਹੇ ਮੋਦੀ ਸਰਕਾਰ ਦੇ ਮਨ-ਭਾਉਂਦੇ ਬਿਲ ਰਾਜ ਸਭਾ ਵੱਲੋਂ ਪਾਸ ਨਾ ਕੀਤੇ ਜਾਣ ਦੇ ਤੁਰੰਤ ਪਿੱਛੋਂ ਇਹ ਚਾਰੇ-ਪੰਜੇ ਬਿੱਲ ਆਰਡੀਨੈਂਸ ਦੁਆਰਾ ਨਾਫਜ਼ ਕਰਨ ਖਾਤਰ ਰਾਸ਼ਟਰਪਤੀ ਨੂੰ ਭੇਜ ਦਿੱਤੇ ਗਏ ਸੀ ਅਤੇ ਰਾਸ਼ਟਰਪਤੀ ਨੇ ਕਿੰਤੂ ਕੀਤਾ ਸੀ ਕਿ ਆਰਡੀਨੈਂਸ ਦੀ ਵਰਤੋਂ ਸਚੀ-ਮੁਚੀ ਦੀ ਐਮਰਜੈਂਸੀ ਵੇਲੇ ਹੀ ਹੋਣੀ ਚਾਹੀਦੀ ਹੈ ਤੇ ਸਿੱਟੇ ਵੱਜੋਂ ਮੋਦੀ ਸਰਕਾਰ ਨੇ ਜਿਹੜੇ ਹੋਰ ਬਿੱਲ ਰਾਸ਼ਟਰਪਤੀ ਨੂੰ ਨਾਫਜ ਕਰਨ ਲਈ ਭੇਜਣੇ ਸੀ, ਉਹ ਨਹੀਂ ਸੀ ਭੇਜੇ।

ਸੁਪਰੀਮ ਕੋਰਟ ਦੇ ਇੱਕ ਸਾਬਕਾ ਚੀਫ਼ ਜਸਟਿਸ ਨੇ ਸੰਵਿਧਾਨ ਅੰਦਰ ਐਮਰਜੈਂਸੀ ਵਿਵਸਥਾ ਦੇ ਦੁਰਉਪਯੋਗ ਦੀ ਮਿਸਾਲ ਦੇਂਦਿਆਂ ਖੁਲਾਸਾ ਕੀਤਾ ਸੀ ਕਿ ਜਦੋਂ ਇੱਕ ਵਾਰੀ ਐਮਰਜੈਂਸੀ ਐਲਾਨੀ ਜਾਏ ਤਾਂ ਸਰਕਾਰ ਉਹਦੀ ਵਾਪਸੀ ਦਾ ਨਾਂ ਨਹੀਂ ਲੈਂਦੀ, ਜਿਵੇਂ ਕਿ 26 ਅਕਤੂਬਰ 1962 ਨੂੰ ਚੀਨੀ ਹਮਲੇ ਵੇਲੇ ਐਲਾਨੀ ਐਮਰਜੈਂਸੀ ਕਿਤੇ 10 ਜਨਵਰੀ 1968 ਨੂੰ ਜਾਕੇ ਵਾਪਸ ਲਈ ਗਈ ਸੀ। ਇਹਦੀ ਵਿਆਖਿਆ ਕਰਦਿਆਂ

ਉਹਨਾਂ ਇਹਦਾ ਕਾਰਨ ਇਹ ਦੱਸਿਆ ਕਿ ਐਮਰਜੈਂਸੀ ਦੀ ਓਟ ਹੇਠਾਂ ਸਰਕਾਰ ਦੇ ਫੈਸਲਿਆਂ ਨੂੰ ਅਦਾਲਤੀ ਦਖ਼ਲ ਤੋਂ ਛੋਟ ਮਿਲੀ ਹੁੰਦੀ ਹੈ, ਜਿਸ ਨਾਲ ਸਰਕਾਰ ਨੂੰ ਮਨਮਾਨੀ ਕਰਨ ਦੀ ਖੁਲ੍ਹ ਮਿਲੀ ਰਹਿੰਦੀ ਹੈ।

ਜ਼ਿਕਰਯੋਗ ਹੈ ਕਿ ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੀ ਅਪੀਲ ਪ੍ਰਿਵੀ ਕੌਂਸਲ ਨੇ ਇਸ ਆਧਾਰ ਤੇ ਨਾਮਨਜ਼ੂਰ ਕੀਤੀ ਸੀ ਕਿ ਇਹ ਨਿਰਣਾ ਕਰਨਾ ਕਿ ਐਮਰਜੈਂਸੀ ਹੈ ਜਾਂ ਨਹੀਂ, ਗਵਰਨਰ ਜਨਰਲ ਦੀ ਮਨਮਰਜ਼ੀ ’ਤੇ ਹੀ ਨਿਰਭਰ ਹੈ ਅਤੇ ਇਹਦੇ ’ਤੇ ਕੋਈ ਵੀ ਕਿੰਤੂ ਨਹੀਂ ਕੀਤਾ ਜਾ ਸਕਦਾ।